# ਜੋੜੀ ਜੁੜੀ ਖੜਾਉ ਪੁਰਾਣੀ

**ਸੁਖੁ ਰਾਜੇ ਹਰੀ ਚੰਦ ਘਰਿ  ਨਾਰਿ ਸੁ ਤਾਰਾ ਲੋਚਨ ਰਾਣੀ॥**
**ਸਾਧ ਸੰਗਤਿ ਮਿਲਿ ਗਾਵਦੇ  ਰਾਤੀ ਜਾਇ ਸੁਣੈ ਗੁਰਬਾਣੀ॥**

ਇਹ, ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ, ੧੦ਵੀਂ ਵਾਰ ਦੀ ੬ਵੀਂ ਪਉੜੀ ਹੈ। ਇਹ ਪਉੜੀ ਇਕ ਸਾਖੀ ਤੇ ਅਧਾਰਤ ਹੈ।

**ਸਾਖੀ** : ਸ੍ਰੀ ਗੁਰੂ ਨਾਨਕ ਸਾਹਿਬ ਦੇ ੧੪੬੯ ਦੇ ਆਗਮਨ ਅਤੇ ਸਮੂਹ ਬਾਣੀਕਾਰਾਂ ਦੇ ਜਨਮ ਤੋਂ ਬਹੁਤ ਵਡਾ ਸਮਾਂ ਪਹਿਲਾਂ ਦੀ ਕਥਾ ਹੈ। ਤਾਰਾਲੋਚਨ, ਇਕ ਗਰੀਬ ਗੁਆਲੇ ਦੀ ਇਕਲੌਤੀ ਧੀ ਸੀ। ਇਸਦੀ ਮਾਂ ਬਚਪਨ ਵਿਚ ਹੀ ਚਲ ਬਸੀ ਸੀ। ਵਡੀ ਹੋਈ ਇਹ ਆਪਣੇ ਪਿਤਾ ਦਾ ਕੰਮ ਸੰਭਾਲਦੀ ਸੀ। ਇਸ ਦਾ ਪਿਤਾ, ਇਸ ਦੇ ਹਥੋਂ, ਦੁਧ ਵਿਚ ਪਾਣੀ ਮਿਲਵਾਇਆ ਕਰਦਾ ਸੀ। ਦੂਜੇ ਪਿੰਡ ਦੁਧ ਪਾਉਣ ਵੀ, ਤਾਰਾਲੋਚਨ ਹੀ ਜਾਇਆ ਕਰਦੀ ਸੀ। ਇਸਦਾ ਪਿਤਾ ਰੋਜ਼ ਉਸ ਨੂੰ ਸਿਧੇ ਰਾਹ ਦੀ ਬਜਾਏ, ਲੰਮੇ ਰਾਹ ਤੋਂ ਜਾਣ ਦੀ ਹਦਾਇਤ ਕਰਦਾ ਸੀ। ਤਾਰਾ ਦੇ ਪੁਛਣ ਤੇ ਉਹ ਕਹਿ ਦਿਆ ਕਰਦਾ ਕਿ 'ਇਧਰ **ਪੁਟੇ** ਰਹਿੰਦੇ ਹਨ।' **ਪੁਟੇ** ਤੋਂ ਭਾਵ, **ਉਖੜੇ ਹੋਏ**, **ਵਿਗੜੇ ਹੋਏ।** ਤਾਰਾ ਰੋਜ਼ ਲੰਮੇ ਰਸਤੇ ਤੋਂ ਜਾਂਦੀ। ਇਕ ਦਿਨ ਉਹ ਵੇਖਣ ਨੂੰ, ਛੋਟੇ ਰਸਤਿਉਂ ਚਲ ਪਈ। ਰਾਹ ਵਿਚ ਤੁਰੀ ਜਾਂਦੀ ਦੀ ਨਜ਼ਰ ਇਕ ਸਾਧੂ ਸੰਤ ਤੇ ਪਈ, ਜੋ ਆਪਣੀ ਝੁਗੀ ਦੇ ਕੋਲ ਸਮਾਧੀ ਲੀਨ ਸਨ। ਉਹ, ਨਮਸਕਾਰ ਕਰਣ ਦੀ ਭਾਵਨਾ ਨਾਲ ਕੋਲ ਜਾ ਕੇ ਬੈਠ ਗਈ। ਭਗਤ ਜੀ ਦੀ ਸਮਾਧੀ ਕਾਫ਼ੀ ਦੇਰ ਬਾਅਦ ਖੁਲੀ। ਦੁਧ ਦੇ ਕੇਨ ਵਲ ਵੇਖਦਿਆਂ ਨੇ ਹੀ, ਸਹਿਜ-ਸੁਭਾਅ, ਦੋ ਤਿੰਨ ਵਾਰ ਬਚਨ ਕਰ ਦਿਤਾ - '**ਦੁਧ ਦਾ ਦੁਧ ਪਾਣੀ ਦਾ ਪਾਣੀ**'। ਬੱਚੀ ਦੇ ਭਾਵ ਪੁਛਣ ਤੇ ਮਹਾਤਮਾ ਜੀ ਨੇ ਸਮਝਾਇਆ ਕਿ ਜੋ ਹਿਸਾ ਪਾਣੀ ਦਾ ਵੇਚ ਕੇ, ਤੂੰ ਦੁਧ ਦੇ ਭਾਅ, ਦਾਮ ਲੈ ਲੈਂਦੀ ਹੈਂ, ਇਸ ਦਾ ਲੇਖਾ ਤੈਨੂੰ ਦੇਣਾ ਪਵੇਗਾ। ਇਤਨੇ ਬਚਨਾਂ ਨਾਲ ਉਸ ਤੇ ਕਿਰਪਾ ਹੋ ਗਈ। ਉਸ ਨੇ, ਉਹ ਕੇਨ ਮੂਧਾ ਮਾਰ ਦਿਤਾ ਅਤੇ ਨਮਸਕਾਰ ਕਰਕੇ ਤੁਰ ਗਈ।

ਘਰ ਦੇਰ ਨਾਲ ਪੁਜਣ ਕਰਕੇ ਪਿਤਾ ਨੂੰ ਸ਼ੱਕ ਪਿਆ, ਉਸ ਨੇ ਪੁਛਿਆ ਕਿ ਕੀ ਤੂੰ **ਪੁਟਿਆਂ** ਦੇ ਗਈ ਸੀ? ਤਾਂ ਉਸ ਨੇ ਝੱਟ ਉਤਰ ਦਿਤਾ 'ਬਾਪੂ **ਪੁਟੇ** ਤਾਂ ਅਸੀਂ ਹਾਂ, ਉਹ ਤਾਂ **ਲਗੇ** ਨੇ'। ਪਿਤਾ ਨੇ ਗੁਸਾ ਕੀਤਾ, ਪਰ ਉਸ ਨੇ ਨਿਰਣਾ ਕਰ ਲਿਆ ਹੋਇਆ ਸੀ। ਅਗਲੇ ਦਿਨ ਉਸ ਨੇ ਪਿਤਾ ਦੇ ਅਨੇਕਾਂ ਇਸ਼ਾਰਿਆਂ ਦੇ ਬਾਵਜੂਦ, ਦੁਧ ਵਿਚ ਪਾਣੀ ਨਾ ਪਾਇਆ। ਰਾਤ ਪੈਣ ਤੇ, ਪਿਤਾ ਨੇ ਧੀ ਨੂੰ ਕੁਟਣਾ ਸ਼ੁਰੂ ਦਿਤਾ। ਇਤਿਹਾਸ ਵਿਚ ਸੱਤਵਾਦੀ ਕਹਾਉਂਦਾ, ਰਾਜਾ ਹਰੀਚੰਦ ਭੇਸ ਬਦਲ ਕੇ ਬਾਹਰ ਘੁੰਮ ਰਿਹਾ। ਉਸ ਨੇ ਅੰਦਰ ਦਾ ਰੌਲਾ ਸੁਣਿਆਂ, ਪਰ ਪੂਰੀ ਸਮਝ ਨਾ ਪਈ। ਸਵੇਰ ਨੂੰ ਦੋਵੇਂ ਦਰਬਾਰ ਵਿਚ ਹਾਜ਼ਰ ਕਰਵਾ ਲਏ ਅਤੇ ਰਾਤ ਦੀ ਘਟਨਾ ਬਾਰੇ ਪੁਛਿਆ। ਪਿਤਾ ਨੇ ਗੁਰੇਜ਼ ਕੀਤਾ ਪਰ ਤਾਰਾ ਨੇ ਸਾਰੀ ਕਹਾਣੀ ਖੋਹਲ ਦਿਤੀ।

ਰਾਜਾ ਬਹੁਤ ਪ੍ਰਭਾਵਿਤ ਹੋਇਆ ਅਤੇ ਦੋਹਾਂ ਨੂੰ ਬਰੀ ਕਰ ਦਿਤਾ। ਘਰ ਜਾ ਕੇ ਪਿਤਾ ਤੋਂ ਉਸ ਦੀ ਧੀ ਦਾ ਹਥ ਮੰਗ ਲਿਆ ਜੋ ਉਸ ਨੇ ਖੁਸ਼ੀ ਖੁਸ਼ੀ ਸਵੀਕਾਰ ਕੀਤਾ। ਪਰ ਧੀ ਨੇ ਇਹ ਸ਼ਰਤ ਰਖੀ ਕਿ ਰਾਜਾ, ਤਾਰਾ ਨੂੰ ਉਸ ਸਾਧੂ ਦੀ ਸੰਗਤਿ ਕਰਨ ਤੋਂ ਨਹੀਂ ਰੋਕੇਗਾ। ਰਾਜੇ ਦੇ ਸਵੀਕਾਰ ਕਰਣ ਤੇ ਵਿਆਹ ਹੋਇਆ। ਰਾਣੀ ਤਾਰਾਲੋਚਨ ਰੋਜ਼ ਪਿਛਲ ਰਾਤੀਂ ਚੁਪਚਾਪ ਉਠ ਕੇ ਸਾਧੂ

ਦੇ ਡੇਰੇ ਜਾਇਆ ਕਰਦੀ। ਉਥੇ ਕਈ ਸਾਧੂ ਸੰਤ ਜੁੜਦੇ, ਬਚਨ ਬਿਲਾਸ ਹੁੰਦੇ ਅਤੇ ਪ੍ਰਭੂ ਦੀ ਬੰਦਗੀ, ਸਿਫ਼ਤ ਸਲਾਹ ਹੁੰਦੀ।

ਇਕ ਵੇਰ, ਅਧੀ ਰਾਤ ਰਾਜਾ ਉਠਿਆ ਤਾਂ ਰਾਣੀ ਨੂੰ ਨਾ ਵੇਖ, ਹੈਰਾਨ ਪਰੇਸ਼ਾਨ ਹੋਇਆ ਅਤੇ ਮਨ ਵਿਚ ਸ਼ੰਕਾ ਆਈ। ਜੁਆਨ ਸੁੰਦਰ ਰਾਣੀ, ਅਧੀ ਰਾਤ ਕਿਥੇ ਜਾਂਦੀ ਹੈ ! ਅਗਲੀ ਰਾਤ, ਰਾਜਾ, ਚੁਪ ਚਾਪ ਉਸ ਦੇ ਪਿਛੇ ਗਿਆ ਅਤੇ ਤਾਰਾ ਦੇ ਸਾਧੂ ਸੰਤਾਂ ਦੀ ਮੰਡਲੀ ਵਿਚ ਸੰਗਤਿ ਕਰਣ ਲਈ ਅੰਦਰ ਜਾਣ ਤੇ, ਸਬੂਤ ਵਜੋਂ ਉਸ ਦੀ ਇਕ ਖੜਾਂਵ ਚੁਕ ਲਿਆਇਆ।

ਜਦੋਂ ਬਾਹਰ ਨਿਕਲਣ ਤੇ ਖੜਾਂਵ ਗੁਮ ਵੇਖੀ ਤਾਂ ਘਬਰਾਈ। ਸੰਤ ਜਨਾਂ ਦੀ ਸੰਗਤਿ ਨੂੰ ਇਜ਼ਤ ਦੀ ਰਾਖੀ ਲਈ ਬੇਨਤੀ ਕੀਤੀ। ਸੰਤ ਜਨਾਂ ਨੇ ਰੱਲ ਕੇ ਅਰਾਧਨਾ, ਅਰਦਾਸ ਕੀਤੀ ਅਤੇ ਬਰਾਬਰ ਦੀ ਖੜਾਂਵ ਹਾਜ਼ਰ ਹੋ ਗਈ। ਸਚਾਈ ਜਾਣਨ ਤੇ ਰਾਜਾ ਬਹੁਤ ਹੈਰਾਨ ਹੋਇਆ ਅਤੇ ਰਾਜੇ ਨੇ ਮਾਫ਼ੀ ਮੰਗੀ।

**ਅਰਥ** : ਰਾਜਾ ਹਰੀਚੰਦ ਅਤੇ ਉਸ ਦੀ ਰਾਣੀ ਤਾਰਾਲੋਚਨ ਘਰ ਵਿਚ ਸੁਖੀ ਵਸਦੇ ਸਨ। ਰਾਣੀ ਤਾਰਾਲੋਚਨ ਰੋਜ਼ ਰਾਤ ਨੂੰ, ਸਾਧ ਜਨਾਂ ਦੀ ਸੰਗਤਿ ਕਰਨ ਉਨ੍ਹਾਂ ਦੇ ਅਸਥਾਨ ਤੇ ਜਾਂਦੀ। ਉਥੇ ਸਾਰੇ ਰਲ ਕੇ ਬੰਦਗੀ ਕਰਦੇ ਅਤੇ ਮਹਾਤਮਾਵਾਂ ਦੇ ਕੀਤੇ ਬਚਨ ਬਿਲਾਸ ਸੁਣਦੀ। ਭਾਈ ਗੁਰਦਾਸ ਜੀ ਨੇ ਇਥੇ 'ਗੁਰਬਾਣੀ' ਸ਼ਬਦ ਵਰਤਿਆ ਹੈ।

ਇਥੇ, ਉਹ ਮਹਾਤਮਾ ਗੁਰੂ ਰੂਪ ਹਨ ਅਤੇ ਉਨ੍ਹਾਂ ਦੇ ਬਚਨ ਹੀ ਗੁਰਬਾਣੀ ਰੂਪ ਹਨ। ਸ੍ਰੀ ਗੁਰੂ ਰਾਮਦਾਸ ਸਾਹਿਬ ਨੇ, ਅੰਕ ੩੦੬ ਤੇ ਫ਼ੁਰਮਾਣ ਕੀਤਾ ਹੈ ਕਿ ਜੋ ਭਗਤ ਆਪਣੇ ਮੁਖ ਤੋਂ ਬੋਲਦੇ ਹਨ, ਉਹੀ ਵਚਨ ਹੁੰਦੇ ਹਨ, ਭਾਵ ਗੁਰਬਾਣੀ ਨਾਲ ਹੈ। ਭਗਤਾਂ ਦਾ ਪਰਤਾਪ ਸਭ ਨੂੰ ਜ਼ਾਹਰਾ, ਪ੍ਰਗਟ, ਸਾਹਮਣੇ ਦਿਸਦਾ ਹੈ ਅਤੇ ਉਨ੍ਹਾਂ ਦੀ ਸੋਭਾ, ਉਨ੍ਹਾਂ ਦੇ ਬਚਨ, ਉਨ੍ਹਾਂ ਦੀ ਬਾਣੀ, ਸਾਰੇ ਸੁਣਦੇ ਹਨ - 'ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ॥' ਇਸ ਤਰ੍ਹਾਂ ਦੇ ਹੀ ਬਚਨ, ਸ੍ਰੀ ਗੁਰੂ ਅਰਜਨ ਸਾਹਿਬ ਨੇ ਵੀ, ਅੰਕ ੩੧੯ ਤੇ ਕੀਤੇ ਹਨ ਸੰਤਾਂ, ਭਗਤਾਂ, ਮੁਨੀਆਂ ਦੇ ਕੀਤੇ ਬਚਨ ਹੀ ਚਾਰੇ ਵੇਦ, ਭਾਵ, ਸਾਰੇ ਧਰਮ ਗ੍ਰੰਥ ਕਹੇ ਜਾਂਦੇ ਹਨ। ਭਗਤ ਜੋ ਵੀ ਮੁਖ ਤੋਂ ਬੋਲਦੇ ਹਨ ਉਹ ਬਚਨ ਹੁੰਦੇ ਹਨ। ਉਹ ਜ਼ਾਹਰ, ਪਰਗਟ ਹੀ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਬਚਨ ਸਭ ਲੋਕ ਸੁਣਦੇ ਹਨ - 'ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ॥ ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥ ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ॥'

ਸ੍ਰੀ ਗੁਰੂ ਅਰਜਨ ਸਾਹਿਬ ਨੇ ਤਾਂ ਵੇਦ ਆਦਿ ਧਰਮ ਗ੍ਰੰਥਾਂ ਦੇ ਪਾਠ ਨੂੰ ਵੀ ਬਾਣੀ ਹੀ ਕਿਹਾ ਹੈ - 'ਬੇਦੁ ਪੜੈ ਮੁਖਿ ਮੀਠੀ ਬਾਣੀ॥', ਅੰਕ ੨੦੧.

**ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ॥**
**ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤ ਗਈ ਹੈਰਾਣੀ॥**

**ਅਰਥ** : ਇਕ ਦਿਨ, ਜਦੋਂ ਰਾਣੀ ਚਲੀ ਗਈ ਤਾਂ ਪਿਛੋਂ ਰਾਜਾ ਜਾਗਿਆ ਤਾਂ ਅਧੀ ਰਾਤ ਗੁਜ਼ਰ ਚੁਕੀ ਸੀ।

- - ਰਾਣੀ ਕਿਧਰੇ ਨਾ ਦਿਸੀ ਤਾਂ ਮਨ ਵਿਚ ਹੈਰਾਣ ਹੋਇਆ, ਕਿ ਰਾਣੀ ਅਧੀ ਰਾਤ ਨੂੰ ਕਿਧਰ ਚਲੀ ਗਈ !

**ਹੋਰਤੁ ਰਾਤੀ ਉਠਿ ਕੈ  ਚਲਿਆ ਪਿਛੈ ਤਰਲ ਜੁਆਣੀ॥**
**ਰਾਣੀ ਪਹੁਤੀ ਸੰਗਤੀ  ਰਾਜੇ ਖੜੀ ਖੜਾਉ ਨੀਸਾਣੀ॥**

**ਅਰਥ** :  ਹੋਰ ਅਗਲੀ ਰਾਤ ਨੂੰ ਰਾਜਾ, ਉਠ ਕੇ ਚੁਪ ਚਾਪ, ਰਾਣੀ ਦੇ ਪਿਛੇ ਪਿਛੇ ਚਲ ਪਿਆ। ਉਸਦੇ ਮਨ ਵਿਚ ਇਹ ਸੀ ਕਿ ਜੁਆਨੀ ਚੰਚਲ ਹੁੰਦੀ ਹੈ, ਕਿਤੇ...

-- ਪਰ ਰਾਣੀ ਤਾਂ ਸਾਧੂ ਸੰਤਾਂ ਦੀ ਸੰਗਤਿ ਵਿਚ ਪੰਹੁਚ ਗਈ। ਜਦੋਂ ਉਹ ਅੰਦਰ ਚਲੀ ਗਈ ਤਾਂ ਰਾਜੇ ਨੇ ਨਿਸ਼ਾਨੀ ਵਜੋਂ ਉਸਦੀ ਇਕ ਖਿੜਾਂਵ ਚੁਕ ਲਿਆਉਂਦੀ।

**ਸਾਧ ਸੰਗਤਿ ਆਰਾਧਿਆ  ਜੋੜੀ ਜੁੜੀ ਖੜਾਉ ਪੁਰਾਣੀ ।**
**ਰਾਜੇ ਡਿਠਾ ਚਲਿਤੁ ਇਹੁ  ਏਹ ਖੜਾਵ ਹੈ ਚੋਜ ਵਿਡਾਣੀ।**
**ਸਾਧ ਸੰਗਤਿ ਵਿਟਹੁ ਕੁਰਬਾਣੀ ॥੬॥**

**ਅਰਥ** :  ਜਦੋਂ ਰਾਣੀ ਬਾਹਰ ਨਿਕਲੀ ਤਾਂ ਖਿੜਾਂਵ ਨਾ ਵੇਖ ਪਰੇਸ਼ਾਨ ਹੋਈ। ਆਪਣੀ ਇਜ਼ਤ ਬਚਾਉਣ ਹਿਤ, ਸਾਧੂ ਜਨਾਂ ਨੂੰ ਬੇਨਤੀ ਕੀਤੀ। ਤਾਂ ਸਾਧ ਜਨਾਂ ਦੀ ਮੰਡਲੀ ਨੇ ਰੱਲ ਕੇ ਪ੍ਰਭੂ ਦੀ ਅਰਾਧਨਾ/ਅਰਦਾਸ ਕੀਤੀ ਅਤੇ ਬਰਾਬਰ ਦੀ ਉਤਨੀ ਹੀ ਪੁਰਾਣੀ ਖਿੜਾਂਵ ਹਾਜ਼ਰ ਹੋ ਗਈ।

-- ਘਰ ਆਉਣ ਤੇ ਜਦੋਂ ਰਾਜੇ ਨੇ ਇਹ ਚਮਤਕਾਰ ਵੇਖਿਆ ਤਾਂ ਉਸਨੂੰ ਉਤਨੀ ਹੀ ਬਰਾਬਰ ਦੀ ਪੁਰਾਣੀ ਖਿੜਾਂਵ ਪ੍ਰਗਟ ਹੋਈ ਵੇਖ ਕੇ, ਇਸ ਨੂੰ ਸਾਧ ਜਨਾਂ ਦਾ ਅਸਚਰਜ ਕੌਤਕ ਮੰਨਿਆ।

-- ਅਖੀਰ ਤੇ ਭਾਈ ਗੁਰਦਾਸ ਜੀ ਕਥਨ ਕਰਦੇ ਹਨ ਕਿ ਸੰਤਾਂ ਭਗਤਾਂ ਦੀ ਸੰਗਤਿ ਅਸਚਰਜ ਹੁੰਦੀ ਹੈ, ਉਸ ਤੋਂ ਬਲਿਹਾਰ ਜਾਈਏ।੬।

ਸ੍ਰੀ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਹਨ ਕਿ ਸੰਤ ਜਨਾਂ ਦੇ ਚਰਣਾਂ ਦੀ ਧੂੜ ਬਣ ਜਾਈਏ, ਕਿਉਂਕਿ ਉਨ੍ਹਾਂ ਦੀ ਸੰਗਤਿ ਵਿਚ ਹੀ ਪ੍ਰਭੂ ਵਸਦਾ ਹੈ ਅਤੇ ਜੋ ਐਸੇ ਕਾਮਧੇਨ ਹਨ ਜਿਨ੍ਹਾਂ ਕੋਲ ਮੁਕਤੀ ਪਦਾਰਥ ਹੈ, ਭਾਵ, ਜਿਨ੍ਹਾਂ ਕੋਲ ਸਾਧੂ ਦੀ ਸੰਗਤਿ ਹੈ, ਮੁਕਤੀ ਉਨ੍ਹਾਂ ਕੋਲ ਹੀ ਹੈ - 'ਭਾਈ ਰੇ ਸੰਤ ਜਨਾ ਕੀ ਰੇਣੁ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ॥', ਅੰਕ ੧੮.

ਸ੍ਰੀ ਗੁਰੂ ਅਰਜਨ ਸਾਹਿਬ ਦਾ, ਅੰਕ ੪੩ ਤੇ ਫ਼ੁਰਮਾਣ ਹੈ ਕਿ ਸਾਧੂ ਜਨਾਂ ਦੀ ਸੰਗਤਿ ਮਹਾਨ ਹੁੰਦੀ ਹੈ, ਉਸ ਤੋਂ ਆਪਣਾ ਮਨ ਕੁਰਬਾਨ ਕਰ ਦਈਏ - 'ਸਾਧ ਸੰਗਤਿ ਕਉ ਵਾਰਿਆ  ਜੀਉ ਕੀਆ ਕੁਰਬਾਣੁ॥'